# ਕਵਿਤਾਵਾਂ ਜ਼ਿੰਦਗੀ ਦੀਆਂ

www.PunjabiLibrary.com

# ਕਵਿਤਾਵਾਂ ਜ਼ਿੰਦਗੀ ਦੀਆਂ

**{E-Book} By**
**Deep Gill**
**Jaskaran Jeobaliya**
**Jagdeep Saroye**

**Instagram= deep_gill_1133**
***jaskaran_jeobaliya_1649***
***deeps.roye***

**EDITOR**
**PDF WORK**
**TYPING EDITING BY**

**WORD MISTAKE CHECKER: Harbhajan Singh , Deep Gill**



www.PunjabiLibrary.com

ਮੂੰਹ ਦੇ ਮਿੱਠੇ ਬਣਕੇ ਅੰਦਰੋਂ
ਅੰਦਰੀ ਠੱਗਦੇ ਨੇ

ਅਸੀਂ ਕਿ ਲੋਕਾਂ ਨੂੰ ਕਹਿਏ ਜਨਾਬ
ਸਾਡੇ ਤਾਂ ਸਾਥੋਂ ਆਪ ਹੀ ਮੱਚ ਦੇ ਨੇ

# ਮਾਂ ਬੋਲੀ

ਪੰਜਾਬੀ ਸਾਡੀ ਮਾਂ ਬੋਲੀ
ਇਹਨੂੰ ਕਦੇ ਨਾ ਭੁੱਲੀ

ਪੰਜਾਬੀ ਸਾਨੂੰ ਹਰ ਜਗਾ ਕੰਮ ਆਉਣੀ
ਇਹ ਨਾ ਸਮਝੀ ਕੀ ਅਫਵਾਹ ਹੀ ਡਾਉਣੀ

ਪੰਜਾਬੀ ਨਾਲ ਹੁੰਦੀ ਹੈ ਇਕ ਸਰਦਾਰ ਦੀ ਪਛਾਣ
ਭੁੱਲ ਨਾਂ ਜਾਇਓ ਪੰਜਾਬੀਓ ਪੰਜਾਬੀ ਹੀ ਹੈ ਸਾਡੀ ਛਾਣ

ਅੰਬਰਾਂ ਵਿਚ ਨੇ ਜਿੰਨੇ ਤਾਰੇ
ਉਸ ਤੋਂ ਵੱਧ ਪੰਜਾਬੀ ਦੇ ਬੋਲ ਪਿਆਰੇ

ਪੰਜਾਬੀ ਸਿੱਖੋ ਤੇ ਸਿਖਾਓ
ਮਾਂ ਬੋਲੀ ਦਾ ਮਾਨ ਵਧਾਓ

ਪੰਜਾਬੀ ਸਾਡੀ ਆਣ ਛਾਣ ਤੇ ਪਛਾਣ

ਜਸਕਰਨ ਜੀਓਬਾਲੀਆ



www.PunjabiLibrary.com

# ਧੀਆਂ ਦਾ ਸਤਿਕਾਰ

ਚੰਗੇ ਮੈਨੂੰ ਉਹ ਲੋਕ ਲੱਗਦੇ
ਜਿਹੜੇ ਕਰਦੇ ਧੀਆਂ ਦਾ ਸਤਿਕਾਰ ਓਇ

ਮਾੜੇ ਮੈਨੂੰ ਉਹ ਲੋਕ ਲੱਗਦੇ
ਜਿਹੜੇ ਧੀਆਂ ਦਿੰਦੇ ਕੁੱਖ ਚ ਮਾਰ ਓਇ

ਧੀਆਂ ਹੁੰਦੀਆਂ ਬੋਝ ਇਹ ਕਹਿੰਦੇ ਆ ਸਾਰੇ
ਪਰ ਜਿਸਦੇ ਕੋਲ ਧੀ ਵੀ ਨਹੀਂ
ਪੁੱਤ ਵੀ ਨਹੀਂ
ਉਹਨਾਂ ਨੂੰ ਪੁੱਛ ਕੇ ਵੇਖੋ
ਕਿਹੜੇ ਖੁਆਬਾਂ ਚ ਰਹਿੰਦੇ ਆ ਉਹ ਵਿਚਾਰੇ

ਦੀਪ ਗਿੱਲ ਦੇ ਵਿਚਾਰ ਕਹਿੰਦੇ
ਧੀਆਂ ਹਰ ਘਰ ਵਿੱਚ ਹੋਣੀਆਂ ਚਾਹੀਦੀਆਂ

ਜਿੰਨੀਆਂ ਪੁੱਤਾਂ ਨੂੰ ਯਮਾਤਾ ਕਰਵਾਉਣੀਆਂ
ਉਹਨੀਆਂ ਧੀਆਂ ਨੂੰ ਵੀ ਕਰਵਾਉਣੀਆਂ ਚਾਹੀਦੀਆਂ

ਲੋਕ ਕਹਿੰਦੇ ਪੁੱਤ ਮਿਠੜੇ ਮੇਵੇ
ਰੱਬ ਸਭ ਨੂੰ ਦੇਵੇ

ਪਰ ਜਿਹੜੇ ਧੀਆਂ ਨੂੰ ਸਮਝਦੇ ਕੱਖ ਨੀ
ਰੱਬ ਮੱਤ ਉਹਨਾਂ ਨੂੰ ਦੇਵੇ

ਚੰਗੇ ਮੈਨੂੰ ਉਹ ਲੋਕ ਲੱਗਦੇ
ਜਿਹੜੇ ਕਰਦੇ ਧੀਆਂ ਦਾ ਸਤਿਕਾਰ ਓਇ

ਮਾੜੇ ਮੈਨੂੰ ਉਹ ਲੋਕ ਲੱਗਦੇ
ਜਿਹੜੇ ਧੀਆਂ ਦਿੰਦੇ ਕੁੱਖ ਚ ਮਾਰ ਓਇ

ਦੀਪ ਗਿੱਲ

# ਗਰੀਬੀ

ਗਰੀਬੀ ਚੋ ਉੱਠਿਆ ਪਰ ਮਿੱਤਰਾ

ਗਰੀਬੀ ਚ ਮਰਦਾ ਨਹੀ

ਰੱਬ ਨੇ ਚਾਰ ਹੱਥ ਪੈਰ ਦਿੱਤੇ

ਨੇ ਕੰਮ ਕਰਨ ਨੂੰ ਇਸ ਕਰਕੇ

ਮੈ ਕਿਸੇ ਤੋ ਹਰਦਾ ਨਹੀ

ਜਗਦੀਪ ਸਰੋਏ

# ਰੁੱਖ

ਰੁੱਖ ਸਾਨੂੰ ਛਾਂ ਦਿੰਦੇ
ਕਦੇ ਕੁੱਝ ਮੰਗਦੇ ਨਹੀਂ

ਅਸੀਂ ਇਹਨਾਂ ਨੂੰ ਵੱਡ ਕੇ
ਇਹਨਾਂ ਦੀ ਜਾਨ ਲੈ ਲਇੰਦੇ
ਪਰ ਇਹ ਸਾਨੂੰ ਕੁੱਝ ਕਹਿੰਦੇ ਨੀਂ

ਖਾਣ ਨੂੰ ਸਾਨੂੰ ਫਲ ਦਿੰਦੇ
ਨਾਲੇ ਦਿੰਦੇ ਧੁੱਪ ਤੋਂ ਬਚਣ ਨੂੰ ਛਾਂ
ਵੱਡ ਕੇ ਰੱਖ ਤੇ ਜੇ ਇਹ ਹੀ
ਫਿਰ ਮਿਲਣਾ ਨੀਂ ਸਾਹ

ਰੁੱਖ ਸਾਡੇ ਲਈ ਬੜੇ ਜ਼ਰੂਰੀ
ਇਹ ਕਹਿੰਦੇ ਆ ਸਾਰੇ
ਪਰ ਜਿਹੜੇ ਰੁੱਖਾਂ ਨੂੰ ਵੱਡ ਦਿੰਦੇ
ਉਹ ਹੁੰਦੇ ਆ ਬਹੁਤ ਮਾੜੇ

ਜਸਕਰਨ ਜੀਓਬਾਲੀਆ

ਨੀਂ ਮੈਂ ਕੱਚਾ ਪਿਆਰ ਪਾਉਣਾ
ਚਾਹੁੰਦਾ ਨਾ ਤੇਰੇ ਨਾ

ਵੇਖੀਂ ਕਿਤੇ ਪਿਆਰ ਪਾਕੇ
ਧੋਖਾ ਕਰ ਜੀ ਨਾ ਤੂੰ ਮੇਰੇ ਨਾ

ਸੋਹਣੇ ਸੋਹਣੇ ਸ਼ਬਦਾਂ ਨਾਲ
ਲੇਖ ਮੈਂ ਤੇਰੇ ਲਈ ਲਿਖਦਾ ਕੁੜੇ

ਜਿਸ ਦਿਨ ਹੋ ਗਿਆ ਪਿਆਰ ਤੈਨੂੰ ਮੇਰੇ ਨਾਲ
ਸੱਚਾ
ਉਸ ਦਿਨ ਵੇਖੀਂ ਤੈਨੂੰ ਸੁਪਨਿਆਂ ਚ ਵੀ ਦਿਸਦਾ
ਕੁੜੇ

ਦੀਪ ਗਿੱਲ

# ਪਿੰਡ

ਚੇਤੇ ਆਉਂਦਾ ਮੈਨੂੰ ਖੇਤ ਵਾਲਾ ਖੂਹ ਅੱਜ ਵੀ
ਗੰਡੇ ਨਾਲ ਖਾ ਕੇ ਰੋਟੀ ਲੈਂਦੇ ਸੀ ਰੱਜ ਵੀ

ਸੁੰਨੇ - ਸੁੰਨੇ ਹੋਣ ਤੇਰੇ ਪਿੰਡ ਵਾਲੇ ਰਾ ਨੀਂ
ਜਿੰਹਨਾਂ ਵਿਚ ਗਵਾਚੇ ਸਾਡੇ ਦਿਲ ਵਾਲੇ ਚਾ ਨੀਂ

ਜੱਦ ਮੈਂ ਪੱਧਰੇ ਮੰਜਾ ਡਾਵਾਂ
ਕਰ ਰੁੱਖ ਥੱਲੇ ਪੈ ਜਾਵਾਂ

ਯਾਦ ਬੜੇ ਆਉਂਦੇ ਪਿੰਡ ਦੇ ਨਜ਼ਾਰੇ
ਬੋਹੜ ਦੀਆਂ ਛਾਂਵਾਂ ਤੇ ਨਦੀਆਂ ਦੇ ਕਿਨਾਰੇ

' ਦੀਪ ਗਿੱਲ ' ਪਿੰਡ ਦੀਆਂ ਗਲੀਆਂ ਦੇ ਅਜਬ ਨਜ਼ਾਰੇ
ਤੂੜੀ ਵਾਲੇ ਕੋਠੇ ਤੇ ਸ਼ਾਹਾਂ ਦੇ ਚੁਬਾਰੇ

ਅੱਜ ਦੇ ਸਮੇਂ ਚ ਦੇਖਣ ਨੂੰ ਫਿਰਦੇ ਸਾਰੇ

ਦੀਪ ਗਿੱਲ

# ਛੱਲਾ

ਤੇਰੀ ਉਂਗਲੀ ਚੋਂ ਛੱਲਾ ਕਿਤੇ ਲਹਿ ਗਿਆ

ਤੇਰੇ ਲਿਖਾਰੀ ਦੀਪ ਗਿੱਲ ਨੂੰ

ਝੱਲਾ ਕੋਈ ਕਹਿ ਗਿਆ

ਮੁੜ ਪਿਆਰ ਹੁਣ ਮੇਰੇ ਨਾਲ ਪਾਈ ਨਾਂ

ਸਾਡੇ ਪਿਆਰ ਦੀ ਨਿਸ਼ਾਨੀ ਸੀ

ਛੱਲਾ ਇੱਕ ਉਹਨੂੰ ਚੇਤੇ ਕਰ ਤੂੰ ਹੁਣ ਪਛਤਾਈ ਨਾਂ

ਧੋਖੇ ਪਿਆਰ ਦੀਆਂ ਗੱਲਾਂ ਲਿਖਣ ਲਈ

ਮੈਂ ਕਈ ਵਾਰ ਤੇਨੂੰ ਪੜਦਾ ਰਿਹਾ

ਬੈਠ ਕੇ ਨਦੀਆਂ ਕਿਨਾਰੇ ਤੇਨੂੰ ਚੇਤੇ ਕਰਦਾ ਰਿਹਾ

. ਮੇਰੇ ਨਾਲ ਪਿਆਰ ਤੋੜ ਕੇ ਗੱਲ

ਦਿਲ ਤੇ ਕੋਈ ਲਾਈ ਨਾਂ

ਸਾਡੇ ਪਿਆਰ ਦੀ ਨਿਸ਼ਾਨੀ ਸੀ

ਛੱਲਾ ਇੱਕ ਉਹਨੂੰ ਚੇਤੇ ਕਰ ਤੂੰ ਹੁਣ ਪਛਤਾਈ ਨਾਂ

ਤੇਰੇ ਹੱਥੋਂ ਛੁਟਿਆ ਜ਼ਿੰਦਗੀ ਦਾ ਪੱਲਾ ਰਹਿ ਗਿਆ

ਤੇਰੇ ਲਿਖਾਰੀ ਦੀਪ ਗਿੱਲ ਨੂੰ ਝੱਲਾ ਕੋਈ ਕਹਿ ਗਿਆ

ਦੀਪ ਗਿੱਲ

# ਸਿੱਧੂ ਮੂਸੇਵਾਲਾ

ਮਾਂ ਤੇਰੇ ਸੁਪਨੇ ਮੈਂ ਪੂਰੈ

ਕਰਨੇ ਸੀ

ਪਰ ਕਰ ਨਾਂ ਪਾਇਆਂ

ਤੇਰੇ ਸ਼ੇਰ ਪੁੱਤ ਨੂੰ

ਕਿਸੇ ਨੇ ਮਾਰ ਮੁਕਾਇਆ

ਰੱਖੀ ਬਾਪੂ ਤੂੰ ਬੇਬੇ

ਮੇਰੀ ਦਾ ਖਿਆਲ

ਮੈਂ ਨਾਪ ਨਹੀਂ ਸਕਦਾ

ਤੁਹਾਡਾ ਕੀਤਾ ਪਿਆਰ

ਬੇਬੇ ਰੱਖੀਂ ਤੂੰ ਵੀ

ਬਾਪੂ ਮੇਰੇ ਦਾ ਖਿਆਲ

ਕਿਸੇ ਦਿਨ ਸੁਪਨੇ ਚ ਆ ਕੇ

ਗੱਲਾਂ ਕਰੂੰ ਤੁਹਾਡੇ ਨਾਲ

ਦੀਪ ਗਿੱਲ

# ਦੁਨੀਆਂ

ਸਿਖਿਆ ਸਿਖਾਇਆ ਕੋਈ

ਇਸ ਦੁਨੀਆਂ ਤੇ ਆਉਂਦਾ ਨਾਂ

ਇੱਕ ਦਿਨ ਉਹ ਵੀ

ਮਿਹਨਤ ਕਰਕੇ ਸਭ

ਕੁਝ ਸਿੱਖ ਜਾਂਦਾ

ਜੇ ਨਿਕਲ ਆਵੇ ਦਿਲ ਦਾ ਸਾਫ

ਫਿਰ ਉਹ ਵੀ ਦੁਨੀਆਂ ਬਾਰੇ

ਕੁਝ ਲਫਜ਼ ਲਿਖ ਜਾਂਦਾ

ਦੀਪ ਗਿੱਲ

# ਗਰੀਬੀ

ਗਰੀਬੀ ਦੇ ਦਿਨ ਆਉਂਦੇ ਹਰ ਘਰ

ਇੱਕ ਤੇ

ਇਸ ਦੁਨੀਆਂ ਤੇ ਆਉਂਦਾ ਹੀ

ਕੋਈ ਅਮੀਰ ਹੋ ਜਾਂਦਾ ਨਾਂ

ਇੱਕ ਦਿਨ ਕੰਮ ਤੇ ਲਾਕੇ

ਰੋਟੀ ਜੋਗੇ ਕਰ ਲੈਂਦੇ

ਕੋਈ ਵੀ ਬੰਦਾ ਭੁੱਖੇ ਢਿੱਡ ਹੀ

ਸੌਂ ਜਾਂਦਾ ਨਾਂ

ਦੀਪ ਗਿੱਲ

# ਇਜ਼ਤ

ਹਰ ਇੱਕ ਬੰਦੇ ਦੀ ਇਜ਼ਤ ਕਰਨਾ ਸਿਖਦਾ

ਕਿਸੇ ਨੂੰ ਮੱਥੇ ਵੱਟ ਪਾਉਂਦਾ ਨੀਂ

ਜੇ ਕੋਈ ਸਾਡੇ ਬਾਰੇ ਉੱਚਾ ਨੀਵਾਂ ਬੋਲ ਜਾਂਦਾ

ਉਹਦੀ ਹਰ ਇੱਕ ਗੱਲ ਪਿੰਡ ਚ ਉਡਾਉਂਦਾ ਨੀਂ

ਛੱਡੀਏ ਮਨਾਂ ਵੈਰੀ ਨੂੰ ਹੱਥ ਪਾਕੇ

ਉਸ ਤੋਂ ਆਪਣੀ ਸਿਫ਼ਤ ਕਰਵਾਉਣੀ ਨੀਂ

ਆਪਣੇ ਆਪ ਨੂੰ ਉੱਚਾ ਸਮਝਦਾ

ਪਰ ਕੋਈ ਗੱਲ ਦਿਲ ਦੀ ਦੱਸਦਾ ਨੀਂ

ਦੀਪ ਗਿੱਲ

# ਬਾਪੂ

ਲਫ਼ਜ਼ ਮੈਂ ਆਪਣੇ ਬਾਪੂ ਬਾਰੇ ਕੁਝ ਲਿਖ ਨੀਂ ਸਕਦਾ

ਅੱਤ ਗਰੀਬੀ ਦੇ ਦਿਨਾਂ ਵਿੱਚ ਸਾਡੀਆਂ

ਜਿਦਾਂ ਰਿਹਾ ਪੂਰੀਆਂ ਕਰਦਾ

ਅੱਜ ਉਹ ਦਿਨ ਸੋਚ ਮੇਰੀਆਂ ਅੱਖੀਆਂ ਵਿੱਚੋਂ ਹੰਝੂ ਆਉਂਦੇ ਆ

ਕੀ ਕਰਾਂ ਬਾਪੂ ਮੇਨੂੰ ਪੁਰਾਣੇ ਦਿਨ ਸਤਾਉਂਦੇ ਆ

ਆਪਣੇ ਮੋਡਿਆਂ ਚਾੜ ਸਾਰੀ ਦੁਨੀਆਂ ਦਿਖਾਈ ਤੂੰ

ਬੜੇ ਲੋਕਾਂ ਨੂੰ ਯਾਦ ਆਉਣਗੇ ਪੁਰਾਣੇ ਦਿਨ

ਦੀਪ ਗਿੱਲ ਦੀ ਲਿਖਾਈ ਤੋਂ

ਛੋਟੇ ਹੁੰਦੇ ਤੋਂ ਬਾਪੂ ਨੇ ਹੱਥ ਫੜ ਤੁਰਨਾ ਸਿਖਾਇਆ

ਮਾਂ ਨੇ ਫੜ ਕਾਪੀ ਤੇ ਲਿਖਣਾ ਸਿਖਾਇਆ

ਓ ਚੇਤੇ ਨੇ ਮੈਨੂੰ ਬਾਪੂ ਆਪਣੇ ਦੀਆਂ ਦਲੇਰੀਆਂ

ਜਿਹੜਾ ਅੱਤ ਗਰੀਬੀ ਦੇ ਦਿਨਾਂ ਵਿੱਚ

ਰੀਝਾਂ ਪੂਰੀਆਂ ਕਰਦਾ ਰਿਹਾ ਮੇਰੀਆਂ

ਹਰ ਘਰ ਵਿਚੋਂ ਰੱਬਾ ਮਿੱਟਾ ਦੇ ਸਾਰੇ ਸਿਆਪੇ

ਰੱਬ ਅੱਗੇ ਅਰਦਾਸ ਕਰਦਾ ਦੋਵੇਂ

# ਮਾਂ

ਮਾਂ ਬਿਨਾਂ ਇਸ ਦੁਨੀਆਂ ਤੇ ਵੱਡਾ ਰਿਸ਼ਤਾ ਕੋਈ ਨਾਂ

ਠੰਡ ਵਿੱਚ ਬੈਠੇ ਆ ਇਹਦੇ ਬਿਨਾਂ ਦਿੰਦਾ ਕੋਈ ਲੋਈ ਨਾਂ

ਘਰ ਉਦੋਂ ਸੋਹਣਾ ਲੱਗਦਾ ਜਦ ਹੋਵੇ ਘਰ ਵਿਚ ਮਾਂ ਓਇ

ਇਹਦੇ ਬਿਨਾਂ ਲੈਂਣੀ ਨਾਂ ਕਿਸੇ ਹੋਰ ਥਾਂ ਓਇ

ਪਿਆਰ ਨਾਂ ਇਹਦੇ ਜਿਨ੍ਹਾਂ ਕਿਸੇ ਨੇ ਕਰਨਾ

ਪੁੱਤ ਬਦਲੇ ਦੁੱਖ ਇੱਕ ਮਾਂ ਨੇ ਜਰਨਾ

ਆਉਗੀ ਉੱਥੇ ਯਾਦ ਮਾਂ ਦੀ ਜਿੱਥੇ ਮਰਜ਼ੀ ਮਿੱਤਰਾ ਜਾ ਓਇ

ਇਹਦੇ ਬਿਨਾਂ ਲੈਂਣੀ ਨਾਂ ਕਿਸੇ ਹੋਰ ਥਾਂ ਓਇ

ਦੀਪ ਗਿੱਲ ਦੇ ਲੇਖ ਕਹਿੰਦੇ

ਮਾਵਾਂ ਹਰ ਘਰ ਵਿੱਚ ਹੋਣ

ਉਹ ਪੁੱਤ ਕਰਮਾਂ ਵਾਲੇ
ਜਿਹੜੇ ਮਾਂ ਦੀ ਗੋਦ ਵਿਚ ਸੌਣ

ਦਿਲ ਮਾਂ ਦਾ ਉਦੋਂ ਖ਼ੁਸ਼ ਹੁੰਦਾ
ਜਦ ਦੇਵੇ ਪੁੱਤ ਆਪਣਾਂ ਚਿਹਰਾ ਦਿਖਾ ਓਇ

ਇਹਦੇ ਬਿਨਾਂ ਲੈਂਣੀ ਨਾਂ ਕਿਸੇ ਹੋਰ ਥਾਂ ਓਇ

ਦੀਪ ਗਿੱਲ

www.PunjabiLibrary.com